ਸਥਾਨਕ ਖ਼ਤਰਿਆਂ ਦੀ ਪਛਾਣ ਕਰੋ

ਕਾਰਵਾਈ ਕਿਉਂ ਕਰੀਏ?

ਬਹੁਤ ਹੀ ਕਠੋਰ ਮੌਸਮ ਦੌਰਾਨ, ਸੁੱਕੀਆਂ ਟਾਹਣੀਆਂ, ਵੱਡੇ ਪਾਣੀ ਦੇ ਟੋਏ ਅਤੇ ਹੋਰ ਖ਼ਤਰੇ ਸੁਰੱਖਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ। ਗੁਆਂਢ ਦੀ ਸੁਰੱਖਿਆ ਵਧਾਉਣ ਲਈ ਖ਼ਤਰਿਆਂ ਦੀ ਪਛਾਣ ਕਰੋ ਅਤੇ ਉਹਨਾਂ ਦਾ ਹੱਲ ਕਰੋ।

ਪੱਧਰ:

1 ਘੱਟ ਮਿਹਨਤ

ਟੈਗ:

ਘੱਟ ਲਾਗਤ

ਸਮਾਗਮ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਬਲਾਕ ਜਾਂ ਇਮਾਰਤ ਦੀ ਜਾਂਚ ਕਰੋ ਅਤੇ ਉਨ੍ਹਾਂ ਥਾਵਾਂ ਦੇ ਸੰਭਾਵੀ ਖਤਰੇ ਪਛਾਣੋ ਜਿੱਥੇ ਅਤਿਅਧਿਕ ਠੰਢ, ਅਤਿਅਧਿਕ ਗਰਮੀ, ਸਥਾਨਕ ਹੜ੍ਹ ਜਾਂ ਤੇਜ਼ ਹਵਾਵਾਂ ਆ ਸਕਦੀਆਂ ਹਨ।

ਆਪਣੇ ਇਲਾਕੇ ਦੇ ਦਰੱਖਤਾਂ ਦੀ ਜਾਂਚ ਕਰੋ ਕਿ ਕਿਤੇ ਉਨ੍ਹਾਂ 'ਤੇ ਢਿੱਲੀਆਂ ਜਾਂ ਸੁੱਕੀਆਂ ਟਾਹਣੀਆਂ ਤਾਂ ਨਹੀਂ ਹਨ। ਉਹ ਨੀਵੀਆਂ ਥਾਵਾਂ ਲੱਭੋ ਜਿੱਥੇ ਪਾਣੀ ਇਕੱਠਾ ਹੁੰਦਾ ਹੈ। ਅੱਗ ਦੇ ਖਤਰੇ ਨੂੰ ਘਟਾਉਣ ਲਈ ਆਪਣੇ ਘਰ ਅਤੇ ਆਲੇ-ਦੁਆਲੇ ਦੀ ਥਾਂ ਨੂੰ ਸੁਰੱਖਿਅਤ ਅਤੇ ਸਾਫ਼-ਸੁਥਰਾ ਰੱਖੋ।

ਬਦਲਦੀਆਂ ਸਥਿਤੀਆਂ ਦਾ ਮੁਲਾਂਕਣ ਕਰਨ ਲਈ ਹਰ ਮੌਸਮ ਇਹ ਦੁਹਰਾਓ। ਪਤਾ ਕਰੋ ਕਿ ਸਮੱਸਿਆ ਹੱਲ ਕਰਨ ਵਿੱਚ ਕੌਣ ਮਦਦ ਕਰ ਸਕਦਾ ਹੈ ਅਤੇ ਆਪਣੀਆਂ ਚਿੰਤਾਵਾਂ ਉਨ੍ਹਾਂ ਨੂੰ ਦੱਸੋ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P3** | ਐਮਰਜੈਂਸੀ ਯੋਜਨਾ ਬਣਾਓ
- **P11** | ਐਮਰਜੈਂਸੀ ਕਿੱਟਾਂ ਤਿਆਰ ਕਰੋ
- **P13** | ਅੱਗ ਤੋਂ ਬਚਾਅ ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਤਿਆਰ ਰਹੋ

ਇਕੱਠੇ ਫਰਸਟ ਏਡ (First Aid-ਮੁੱਢਲੀ ਸਹਾਇਤਾ) ਸਿੱਖੋ

ਕਾਰਵਾਈ ਕਿਉਂ ਕਰੀਏ?

ਐਮਰਜੈਂਸੀ ਸੇਵਾਵਾਂ ਦੇ ਪਹੁੰਚਣ ਤੋਂ ਪਹਿਲਾਂ ਮੁੱਢਲੀ ਸਹਾਇਤਾ ਦੇਣ ਨਾਲ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਐਮਰਜੈਂਸੀ ਸਥਿਤੀਆਂ ਵਿੱਚ ਕਿਸੇ ਪਿਆਰੇ ਜਾਂ ਗੁਆਂਢੀ ਦੀ ਮਦਦ ਕਰਨ ਲਈ ਸਿਖਲਾਈ ਲਓ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

ਸਮਾਗਮ

ਥੋਕ ਖਰੀਦ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਮੁੱਢਲੀ ਸਹਾਇਤਾ ਦਾ ਕੋਰਸ ਕਰੋ। ਤੁਸੀਂ ਅਤੇ ਤੁਹਾਡੇ ਗੁਆਂਢੀ ਸਮੂਹ ਵਜੋਂ ਰਜਿਸਟਰ ਕਰ ਸਕਦੇ ਹੋ।

ਫਰਸਟ ਏਡ ਕਿੱਟ ਅਤੇ ਹੋਰ ਬੁਨਿਆਦੀ ਐਮਰਜੈਂਸੀ ਸਮੱਗਰੀ ਕਿਸੇ ਸਾਂਝੀ ਥਾਂ 'ਤੇ ਰੱਖੋ, ਤਾਂ ਜੋ ਲੋੜ ਪੈਣ 'ਤੇ ਤੁਰੰਤ ਵਰਤੀ ਜਾ ਸਕੇ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P3** | ਐਮਰਜੈਂਸੀ ਯੋਜਨਾ ਬਣਾਓ
- **P11** | ਐਮਰਜੈਂਸੀ ਕਿੱਟਾਂ ਬਣਾਓ

ਐਮਰਜੈਂਸੀ ਯੋਜਨਾ ਬਣਾਓ

ਕਾਰਵਾਈ ਕਿਉਂ ਕਰੀਏ?

ਐਮਰਜੈਂਸੀ ਹਾਲਾਤ ਤੁਹਾਨੂੰ ਅਤੇ ਤੁਹਾਡੇ ਗੁਆਂਢੀਆਂ ਨੂੰ ਖਤਰੇ ਵਿੱਚ ਪਾ ਸਕਦੇ ਹਨ। ਪਹਿਲਾਂ ਤੋਂ ਤਿਆਰੀ ਕਰਨ ਨਾਲ ਤੁਹਾਡੀ ਸੁਰੱਖਿਅਤ ਰਹਿਣ ਅਤੇ ਕਿਸੇ ਆਫ਼ਤ ਤੋਂ ਬਾਅਦ ਜਲਦੀ ਸੰਭਾਲਣ ਦੀ ਸਮਰੱਥਾ ਵਧਦੀ ਹੈ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

$ ਘੱਟ ਲਾਗਤ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਗੁਆਂਢੀਆਂ ਦੀ ਸੰਪਰਕ ਜਾਣਕਾਰੀ (ਫੋਨ ਨੰਬਰ, ਪਤਾ ਆਦਿ) ਇਕੱਠੀ ਕਰੋ ਤਾਂ ਜੋ ਐਮਰਜੈਂਸੀ ਵੇਲੇ ਆਪਸ ਵਿੱਚ ਸੰਪਰਕ ਕਰ ਸਕੋ। ਯਾਦ ਰੱਖੋ, ਐਮਰਜੈਂਸੀ ਦੌਰਾਨ ਮੋਬਾਈਲ ਫੋਨ ਸੇਵਾ ਵੀ ਬੰਦ ਹੋ ਸਕਦੀ ਹੈ।

ਆਪਣੇ ਮੁਹੱਲੇ ਦੇ ਸੰਭਾਵਿਤ ਖਤਰਿਆਂ ਬਾਰੇ ਜਾਣਕਾਰੀ ਸਮੇਤ ਇੱਕ ਐਮਰਜੈਂਸੀ ਯੋਜਨਾ ਬਣਾਓ। ਇਸ ਵਿੱਚ ਇਹ ਵੀ ਦਰਜ ਕਰੋ ਕਿ ਐਮਰਜੈਂਸੀ ਸਮੇਂ ਕੀ ਕਰਨਾ ਹੈ ਅਤੇ ਸਾਰੇ ਲੋਕ ਕਿੱਥੇ ਇਕੱਠੇ ਹੋਣਗੇ। ਇਸ ਯੋਜਨਾ ਦੀ ਇੱਕ ਕਾਗਜ਼ੀ ਕਾਪੀ (ਹਾਰਡ ਕਾਪੀ) ਛਾਪ ਕੇ ਰੱਖੋ, ਤਾਂ ਜੋ ਇੰਟਰਨੈੱਟ ਨਾ ਹੋਣ 'ਤੇ ਵੀ ਇਸਦੀ ਵਰਤੋਂ ਕੀਤੀ ਜਾ ਸਕੇ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P2** | ਮਿਲ ਕੇ ਮੁੱਢਲੀ ਸਹਾਇਤਾ ਸਿੱਖੋ
- **P11** | ਐਮਰਜੈਂਸੀ ਕਿੱਟਾਂ ਬਣਾਓ

ਖ਼ਰਾਬ ਹਵਾ ਦੀ ਗੁਣਵੱਤਾ ਲਈ ਤਿਆਰ ਰਹੋ

ਕਾਰਵਾਈ ਕਿਉਂ ਕਰੀਏ?

ਜੰਗਲੀ ਅੱਗ ਦਾ ਧੂੰਆਂ ਬਾਹਰਲੀ ਹਵਾ ਨੂੰਅਸੁਰੱਖਿਅ ਤ ਬਣਾ ਸਕਦਾ ਹੈ ਅਤੇ ਅੰਦਰਲੀ ਹਵਾ ਦੀ ਗੁਣਵੱ ਤਾ ਨੂੰਵੀ ਪ੍ਰਭਾਵਿਤ ਕਰ ਸਕਦਾ ਹੈ। ਵੱਧ ਤਾਪਮਾਨ ਅ ਤੇ ਬਿਜਲੀ ਵਾਲੇ ਤੂਫ਼ਾਨ ਜੰਗਲਾਂ ਵਿੱਚ ਅੱਗ ਲੱਗਣ ਦੇ ਖ ਤਰੇ ਨੂੰਵਧਾ ਦਿੰਦੇ ਹਨ। ਇਹ ਧੂੰਆਂ ਭਰੀ ਹਵਾ ਕਈ ਦਿਨਾਂ ਤੱਕ ਬਣੀ ਰਹਿ ਸਕਦੀ ਹੈ।

ਪੱਧਰ:

1 ਘੱਟ ਮਿਹਨਤ

ਟੈਗ:

ਘੱਟ ਲਾਗਤ

ਥੋਕ ਖਰੀਦ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਹਵਾ ਗੁਣਵੱਤਾ ਸਿਹਤ ਸੂਚਕਾਂਕ (AQHI) ਬਾਰੇ ਜਾਣੋ ਅਤੇ ਸਮਝੋ ਕਿ ਜਦੋਂ ਹਵਾ ਦੀ ਗੁਣਵੱਤਾ ਦੀ ਰੇਟਿੰਗ ਖਰਾਬ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ।

ਉਨ੍ਹਾਂ ਗੁਆਂਢੀਆਂ ਦੀ ਖ਼ੈਰ-ਖ਼ਬਰ ਲਵੋ ਜੋ ਖਰਾਬ ਹਵਾ ਦੇ ਪ੍ਰਭਾਵਾਂ ਲਈ ਵਧੇਰੇ ਸੰਵੇਦਨਸ਼ੀਲ ਹੋ ਸਕਦੇ ਹਨ, ਜਿਵੇਂ ਕਿ ਬਜ਼ੁਰਗ, ਬੱਚੇ ਜਾਂ ਲੰਬੇ ਸਮੇਂ ਦੀਆਂ ਸਿਹਤ ਸਮੱਸਿਆਵਾਂ ਵਾਲੇ ਲੋਕ।

ਘਰ ਅੰਦਰ ਦੀ ਹਵਾ ਨੂੰ ਬਿਹਤਰ ਬਣਾਉਣ ਲਈ ਖਿੜਕੀਆਂ ਬੰਦ ਰੱਖੋ, ਇਹ ਯਕੀਨੀ ਬਣਾਓ ਕਿ ਦਰਵਾਜ਼ਿਆਂ ਅਤੇ ਖਿੜਕੀਆਂ ਦੀਆਂ ਸੀਲਾਂ ਠੀਕ ਹਨ, ਅਤੇ ਹਵਾ ਸਾਫ਼ ਕਰਨ ਲਈ ਏਅਰ ਫਿਲਟਰ (Air Filter) ਵਰਤੋ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P3** | ਐਮਰਜੈਂਸੀ ਯੋਜਨਾ ਬਣਾਓ
- **P5** | ਅਤਿਅਧਿਕ ਗਰਮੀ ਲਈ ਤਿਆਰ ਹੋਵੋ
- **P13** | ਅੱਗ ਤੋਂ ਬਚਾਅ ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਤਿਆਰ ਰਹੋ

ਅਤਿਅਧਿਕ ਗਰਮੀ ਲਈ ਤਿਆਰ ਹੋਵੋ



ਕਾਰਵਾਈ ਕਿਉਂ ਕਰੀਏ?

ਅਤਿਅਧਿਕ ਗਰਮੀ ਦੇ ਦੌਰ ਭਵਿੱਖ ਵਿੱਚ ਹੋਰ ਵੱਧ ਆਮ ਅਤੇ ਜ਼ਿਆਦਾ ਤੀਬਰ ਹੋਣ ਦੀ ਸੰਭਾਵਨਾ ਹੈ। ਵੱਧ ਤਾਪਮਾਨ ਲਈ ਪਹਿਲਾਂ ਤੋਂ ਯੋਜਨਾ ਬਣਾਉਣ ਨਾਲ ਲੋਕਾਂ ਅਤੇ ਪਾਲਤੂ ਜਾਨਵਰਾਂ ਲਈ ਖਤਰਾ ਘਟਾਇਆ ਜਾ ਸਕਦਾ ਹੈ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

$ ਘੱਟ ਲਾਗਤ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਗੁਆਂਢੀਆਂ, ਬਜ਼ੁਰਗਾਂ ਅਤੇ ਪਰਿਵਾਰਕ ਮੈਂਬਰਾਂ ਦੀ ਖ਼ੈਰ-ਖ਼ਬਰ ਲਵੋ। ਇਹ ਯਕੀਨੀ ਬਣਾਓ ਕਿ ਉਨ੍ਹਾਂ ਕੋਲ ਪੀਣ ਲਈ ਸਾਫ਼ ਪਾਣੀ ਉਪਲਬਧ ਹੈ। ਗਰਮੀ ਨੂੰ ਘਰ ਅੰਦਰ ਆਉਣ ਤੋਂ ਘਟਾਉਣ ਲਈ ਖਿੜਕੀਆਂ ਨੂੰ ਢੱਕਣ ਅਤੇ ਦਰਵਾਜ਼ਿਆਂ ਦੇ ਕਿਨਾਰਿਆਂ ਨੂੰ ਸੀਲ ਕਰਨ (weatherstripping) ਵਿੱਚ ਉਨ੍ਹਾਂ ਦੀ ਮਦਦ ਕਰੋ।

ਗਰਮੀ ਤੋਂ ਬਚਣ ਲਈ ਅਜਿਹੀਆਂ ਥਾਵਾਂ ਬਾਰੇ ਜਾਣਕਾਰੀ ਰੱਖੋ ਜਿੱਥੇ ਠੰਢਕ ਮਿਲ ਸਕੇ, ਜਿਵੇਂ ਦਰੱਖਤਾਂ ਦੀ ਛਾਂ, ਲਾਇਬ੍ਰੇਰੀ, ਮਾਲ, ਕਮਿਊਨਿਟੀ ਸੈਂਟਰ ਜਾਂ ਹੋਰ ਸਰਕਾਰੀ ਇਮਾਰਤਾਂ । ਆਪਣੇ ਇਲਾਕੇ ਵਿੱਚ ਸਪਰੇ ਪਾਰਕ (Spray Park) ਜਾਂ ਤੈਰਨ ਵਾਲਾ ਪੂਲ ਲੱਭੋ, ਜਿੱਥੇ ਗਰਮੀ ਤੋਂ ਰਾਹਤ ਮਿਲ ਸਕੇ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P4, P6, P7, P8, P9** | ਹਰ ਮੌਸਮ ਵਿੱਚ ਬਹੁਤ ਹੀ ਕਠੋਰ ਮੌਸਮੀ ਹਾਲਾਤਾਂ (Extreme Weather) ਲਈ ਤਿਆਰ ਰਹੋ
- **P13** | ਅੱਗ ਤੋਂ ਬਚਾਅ ਬਾਰੇ ਜਾਣਕਾਰੀ ਪ੍ਰਾਪਤ ਕਰੋ ਅਤੇ ਤਿਆਰ ਰਹੋ
- **E2** | ਘਰ ਦੀ ਊਰਜਾ ਜਾਂਚ (Home Energy Assessment) ਕਰਵਾਓ

ਅਤਿਅਧਿਕ ਠੰਢ ਲਈ ਤਿਆਰ ਹੋਵੋ

ਕਾਰਵਾਈ ਕਿਉਂ ਕਰੀਏ?

ਐਡਮੰਟਨ ਵਿੱਚ ਸਰਦੀਆਂ ਦੌਰਾਨ ਬਹੁਤ ਜ਼ਿਆਦਾ ਠੰਢ ਪੈ ਸਕਦੀ ਹੈ, ਜੋ -30°C ਜਾਂ ਇਸ ਤੋਂ ਵੀ ਘੱਟ ਹੋ ਸਕਦੀ ਹੈ। ਅਤਿਅਧਿਕ ਠੰਢ ਲਈ ਪਹਿਲਾਂ ਤੋਂ ਯੋਜਨਾ ਬਣਾਉਣ ਨਾਲ ਲੋਕਾਂ ਅਤੇ ਪਾਲਤੂ ਜਾਨਵਰਾਂ ਲਈ ਖਤਰਾ ਘਟਾਇਆ ਜਾ ਸਕਦਾ ਹੈ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

ਘੱਟ ਲਾਗਤ

ਥੋਕ ਖਰੀਦ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਗੁਆਂਢੀਆਂ, ਬਜ਼ੁਰਗਾਂ, ਪਰਿਵਾਰਕ ਮੈਂਬਰਾਂ ਅਤੇ ਪਾਲਤੂ ਜਾਨਵਰਾਂ ਦੀ ਖ਼ੈਰ-ਖ਼ਬਰ ਲਵੋ।

ਗਰਮ ਹੋਣ ਲਈ ਸੁਰੱਖਿਅਤ ਥਾਵਾਂ ਦੀ ਪਛਾਣ ਕਰੋ, ਜਿਵੇਂ ਕਿ ਵਾਰਮਿੰਗ ਸ਼ੈਲਟਰ, ਕੈਫ਼ੇ ਜਾਂ ਭਾਈਚਾਰਕ ਕੇਂਦਰ। ਆਪਣੇ ਗੁਆਂਢੀਆਂ ਨਾਲ ਜਾਣਕਾਰੀ ਸਾਂਝੀ ਕਰੋ ਜਾਂ ਲੋੜ ਪੈਣ 'ਤੇ ਉੱਥੇ ਪਹੁੰਚਣ ਵਿੱਚ ਮਦਦ ਦੀ ਪੇਸ਼ਕਸ਼ ਕਰੋ।

ਆਪਣੀ ਕਾਰ ਵਿੱਚ ਸਰਦੀਆਂ ਦੀ ਐਮਰਜੈਂਸੀ ਕਿੱਟ ਰੱਖੋ ਜੋ ਹੋਰਾਂ ਨਾਲ ਸਾਂਝੀ ਕੀਤੀ ਜਾ ਸਕੇ ਅਤੇ ਜਿਸ ਵਿੱਚ ਕੰਬਲ, ਵਾਧੂ ਕੱਪੜੇ, ਮੁੱਢਲੀ ਸਹਾਇਤਾ ਕਿੱਟ ਅਤੇ ਪਾਣੀ ਹੋਵੇ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P7** | ਬਰਫ਼ ਅਤੇ ਰਗੜ ਲਈ ਤਿਆਰ ਰਹੋ
- **P11** | ਐਮਰਜੈਂਸੀ ਕਿੱਟਾਂ ਤਿਆਰ ਕਰੋ
- **E2** | ਘਰ ਦੀ ਊਰਜਾ ਜਾਂਚ (Home Energy Assessment) ਕਰਵਾਓ

ਬਰਫ਼ ਅਤੇ ਰਗੜ ਲਈ ਤਿਆਰ ਰਹੋ

ਕਾਰਵਾਈ ਕਿਉਂ ਕਰੀਏ?

ਫੁੱਟਪਾਥਾਂ, ਡਰਾਈਵਵੇਅ ਅਤੇ ਰਸਤਿਆਂ ਤੇ ਬਰਫ਼ ਜਮ ਸਕਦੀ ਹੈ, ਜਿਸ ਨਾਲ ਡਿੱਗਣ ਅਤੇ ਗੰਭੀਰ ਸੱਟਾਂ ਲੱਗਣ ਦਾ ਖਤਰਾ ਹੁੰਦਾ ਹੈ। ਬਰਫ਼ ਅਤੇ ਹਿਮ ਹਟਾਉਣ ਨਾਲ ਹਰ ਕੋਈ ਸੁਰੱਖਿਅਤ ਤਰੀਕੇ ਨਾਲ ਆ-ਜਾ ਸਕਦਾ ਹੈ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

$ ਘੱਟ ਲਾਗਤ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਖਤਰਨਾਕ ਮੌਸਮੀ ਹਾਲਾਤਾਂ ਵਿੱਚ, ਜਦੋਂ ਸੜਕਾਂ ਬਰਫ਼ੀਲੀਆਂ ਹੋਣ, ਭਾਰੀ ਬਰਫ਼ਬਾਰੀ ਹੋ ਰਹੀ ਹੋਵੇ ਜਾਂ ਦਿੱਖ (visibility) ਘੱਟ ਹੋਵੇ, ਤਾਂ ਬਾਹਰ ਜਾਣ ਜਾਂ ਗੱਡੀ ਚਲਾਉਣ ਤੋਂ ਬਚੋ ਜਾਂ ਇਸਨੂੰ ਸੀਮਿਤ ਰੱਖੋ।

ਗੁਆਂਢੀਆਂ ਦੀ ਵਰਤੋਂ ਲਈ ਬੇਲਚੇ (shovels) ਅਤੇ ਰੇਤ (sand) ਕਿਸੇ ਸਾਂਝੀ ਥਾਂ 'ਤੇ ਰੱਖੋ। ਜਿਨ੍ਹਾਂ ਗੁਆਂਢੀਆਂ ਨੂੰ ਤੁਰਨ-ਫਿਰਨ ਵਿੱਚ ਮੁਸ਼ਕਲ ਹੁੰਦੀ ਹੈ, ਉਨ੍ਹਾਂ ਦੀ ਆਪਣੀ ਜਾਇਦਾਦ ਅਤੇ ਸਾਂਝੀਆਂ ਥਾਵਾਂ ਤੋਂ ਬਰਫ਼ ਅਤੇ ਆਈਸ ਹਟਾਉਣ ਵਿੱਚ ਮਦਦ ਕਰੋ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P6** | ਅਤਿਅਧਿਕ ਠੰਢ ਲਈ ਤਿਆਰ ਹੋਵੋ
- **E2** | ਘਰ ਦੀ ਊਰਜਾ ਜਾਂਚ (Home Energy Assessment) ਕਰਵਾਓ

ਮੀਂਹ ਅਤੇ ਹੜ੍ਹ ਲਈ ਤਿਆਰ ਹੋਵੋ

ਕਾਰਵਾਈ ਕਿਉਂ ਕਰੀਏ?

ਐਡਮੰਟਨ ਵਿੱਚ ਭਾਰੀ ਮੀਂਹ ਪੈਣ ਵਾਲੀਆਂ ਘਟਨਾਵਾਂ ਵੱਧਣ ਦੀ ਸੰਭਾਵਨਾ ਹੈ, ਜਿਸ ਕਾਰਨ ਮੁਹੱਲਿਆਂ ਵਿੱਚ ਹੜ੍ਹ (ਪਾਣੀ ਭਰਨ) ਦਾ ਖਤਰਾ ਵਧ ਸਕਦਾ ਹੈ। ਭਾਰੀ ਮੀਂਹ ਜਾਂ ਬਰਫ਼ ਦੇ ਤੇਜ਼ੀ ਨਾਲ ਪਿਘਲਣ ਲਈ ਪਹਿਲਾਂ ਤੋਂ ਤਿਆਰੀ ਕਰਨ ਨਾਲ ਬੇਸਮੈਂਟਾਂ ਵਿੱਚ ਪਾਣੀ ਭਰਨ ਅਤੇ ਨਿਕਾਸੀ ਪ੍ਰਣਾਲੀਆਂ (ਡਰੇਨੇਜ ਸਿਸਟਮਾਂ) ਦੇ ਓਵਰਲੋਡ ਹੋਣ ਤੋਂ ਬਚਿਆ ਜਾ ਸਕਦਾ ਹੈ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

$ ਘੱਟ ਲਾਗਤ

ਸਮਾਗਮ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਇਲਾਕੇ ਵਿੱਚ ਹੜ੍ਹ (Flooding) ਦੇ ਖਤਰਿਆਂ ਬਾਰੇ ਜਾਣਕਾਰੀ ਇਕੱਠੀ ਕਰੋ, ਇਸ ਨੂੰ ਗੁਆਂਢੀਆਂ ਨਾਲ ਸਾਂਝਾ ਕਰੋ ਅਤੇ ਮਿਲ ਕੇ ਉਨ੍ਹਾਂ ਦਾ ਹੱਲ ਲੱਭਣ ਬਾਰੇ ਵਿਚਾਰ ਕਰੋ।

ਮੀਂਹ ਪੈਣ ਤੋਂ ਪਹਿਲਾਂ, ਨਾਲੀਆਂ (eavestroughs) ਅਤੇ ਡਰੇਨ ਸਾਫ਼ ਕਰਨ ਲਈ ਇੱਕ ਮੌਸਮੀ ਸਮਾਗਮ ਆਯੋਜਿਤ ਕਰੋ, ਸੰਦ ਸਾਂਝੇ ਕਰੋ ਅਤੇ ਇਕ-ਦੂਜੇ ਦੀ ਮਦਦ ਕਰੋ।ਮੁਫ਼ਤ ਹੜ੍ਹ ਰੋਕਥਾਮ ਨਿਰੀਖਣ ਬੁੱਕ ਕਰਨ ਲਈ EPCOR ਨਾਲ ਸੰਪਰਕ ਕਰੋ।

ਮੀਂਹ ਪੈਣ ਤੋਂ ਬਾਅਦ, ਆਪਣੇ ਗੁਆਂਢੀਆਂ ਨਾਲ ਇਲਾਕੇ ਦਾ ਚੱਕਰ ਲਗਾਓ ਅਤੇ ਉਹਨਾਂ ਥਾਵਾਂ ਦੀ ਪਛਾਣ ਕਰੋ ਜਿੱਥੇ ਪਾਣੀ ਠੀਕ ਤਰ੍ਹਾਂ ਨਿਕਲ ਨਹੀਂ ਰਿਹਾ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P3** | ਐਮਰਜੈਂਸੀ ਯੋਜਨਾ ਬਣਾਓ
- **P11** | ਐਮਰਜੈਂਸੀ ਕਿੱਟਾਂ ਬਣਾਓ
- **W5** | ਘਰ ਵਿੱਚ ਹੜ੍ਹ ਦੇ ਖਤਰੇ ਦਾ ਮੁਲਾਂਕਣ ਕਰੋ

ਤੇਜ਼ ਹਵਾਵਾਂ ਲਈ ਤਿਆਰ ਹੋਵੋ

ਕਾਰਵਾਈ ਕਿਉਂ ਕਰੀਏ?

ਤੇਜ਼ ਹਵਾਵਾਂ ਸਾਲ ਦੇ ਕਿਸੇ ਵੀ ਸਮੇਂ ਆ ਸਕਦੀਆਂ ਹਨ। ਹਵਾ ਢਿੱਲੀਆਂ ਟਾਹਣੀਆਂ ਅਤੇ ਚੀਜ਼ਾਂ ਨੂੰ ਉਡਾ ਕੇ ਸੁਰੱਖਿਆ ਲਈ ਖਤਰਾ ਪੈਦਾ ਕਰਦੀ ਹੈ। ਤਿਆਰ ਰਹਿਣ ਨਾਲ ਤੁਸੀਂ ਅਤੇ ਤੁਹਾਡੇ ਗੁਆਂਢੀ ਸੁਰੱਖਿਅਤ ਰਹਿ ਸਕਦੇ ਹੋ ਅਤੇ ਜਾਇਦਾਦ ਦਾ ਨੁਕਸਾਨ ਘਟਾ ਸਕਦੇ ਹੋ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

$ ਘੱਟ ਲਾਗਤ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਗੁਆਂਢੀਆਂ ਨਾਲ ਮਿਲ ਕੇ ਇਮਾਰਤਾਂ ਦੀ ਜਾਂਚ ਕਰੋ ਅਤੇ ਛੱਤ ਦੀਆਂ ਸ਼ਿੰਗਲਾਂ (shingles), ਸਾਈਡਿੰਗ (ਬਾਹਰੀ ਕੰਧਾਂ ਦੀ ਪਰਤ), ਦਰੱਖਤਾਂ ਅਤੇ ਨਾਲੀਆਂ (gutters) ਵਿੱਚ ਕਿਸੇ ਵੀ ਸਮੱਸਿਆ ਦੀ ਪਛਾਣ ਕਰੋ।

ਦਰੱਖਤਾਂ ਦੀ ਨਿਯਮਿਤ ਜਾਂਚ ਕਰੋ ਕਿ ਕਿਤੇ ਉਨ੍ਹਾਂ ਦੀਆਂ ਵੱਡੀਆਂ, ਨੁਕਸਾਨੀਆਂ, ਟੁੱਟੀਆਂ, ਚੀਰੀਆਂ ਹੋਈਆਂ ਜਾਂ ਲਟਕ ਰਹੀਆਂ ਟਾਹਣੀਆਂ ਤਾਂ ਨਹੀਂ ਹਨ। ਜੇ ਦਰੱਖਤਾਂ ਦੀ ਕਟਾਈ ਜਾਂ ਛਾਂਟੀ ਦੀ ਲੋੜ ਹੋਵੇ ਤਾਂ ਸ਼ਹਿਰ ਦੀ ਮਲਕੀਅਤ ਵਾਲੇ ਦਰੱਖਤਾਂ ਲਈ 311 ‘ਤੇ ਸੰਪਰਕ ਕਰੋ ਅਤੇ ਨਿੱਜੀ ਜਾਇਦਾਦ ਵਾਲੇ ਦਰੱਖਤਾਂ ਲਈ ਕਿਸੇ ਅਰਬੋਰਿਸਟ (ਦਰੱਖਤਾਂ ਦੇ ਮਾਹਿਰ) ਨਾਲ ਸੰਪਰਕ ਕਰੋ। ਜੇ ਦਰੱਖਤ ਬਿਜਲੀ ਦੀਆਂ ਤਾਰਾਂ ਦੇ ਬਹੁਤ ਨੇੜੇ ਹਨ, ਤਾਂ EPCOR ਨਾਲ ਸੰਪਰਕ ਕਰੋ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P1** | ਸਥਾਨਕ ਖਤਰਿਆਂ ਦੀ ਪਛਾਣ ਕਰੋ
- **P10** | ਬਿਜਲੀ ਬੰਦ ਹੋਣ ਲਈ ਤਿਆਰ ਰਹੋ

ਬਿਜਲੀ ਬੰਦ ਹੋਣ ਲਈ ਤਿਆਰ ਰਹੋ

ਕਾਰਵਾਈ ਕਿਉਂ ਕਰੀਏ?

ਬਿਜਲੀ ਬੰਦ ਹੋਣ ਦੀ ਸਮੱਸਿਆ ਸਾਲ ਦੇ ਕਿਸੇ ਵੀ ਸਮੇਂ ਆ ਸਕਦੀ ਹੈ, ਪਰ ਅਤਿਅਧਿਕ ਮੌਸਮੀ ਹਾਲਾਤ ਇਸਦਾ ਮੁੱਖ ਕਾਰਨ ਹਨ। ਤੇਜ਼ ਹਵਾਵਾਂ ਅਤੇ ਜਮਣ ਵਾਲਾ ਮੀਂਹ ਬਿਜਲੀ ਦੀਆਂ ਤਾਰਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ, ਜਿਸ ਨਾਲ ਬਿਜਲੀ ਬੰਦ ਹੋ ਸਕਦੀ ਹੈ। ਜੇ ਤੁਹਾਡੇ ਕੋਲ ਪਹਿਲਾਂ ਤੋਂ ਯੋਜਨਾ ਹੋਵੇ ਅਤੇ ਤੁਹਾਨੂੰ ਪਤਾ ਹੋਵੇ ਕਿ ਬਿਜਲੀ ਜਾਣ 'ਤੇ ਕੀ ਕਰਨਾ ਹੈ, ਤਾਂ ਤੁਸੀਂ ਅਤੇ ਤੁਹਾਡੇ ਗੁਆਂਢੀ ਸੁਰੱਖਿਅਤ ਅਤੇ ਆਰਾਮਦਾਇਕ ਰਹਿ ਸਕਦੇ ਹੋ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

$ ਘੱਟ ਲਾਗਤ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਐਮਰਜੈਂਸੀ ਕਿੱਟਾਂ ਇਕੱਠੇ ਤਿਆਰ ਕਰੋ ਅਤੇ ਇਹ ਯਕੀਨੀ ਬਣਾਓ ਕਿ ਹਰ ਕਿਸੇ ਕੋਲ ਭੋਜਨ, ਪੀਣ ਵਾਲਾ ਪਾਣੀ ਅਤੇ ਗਰਮ ਰਹਿਣ ਦੀ ਵਿਵਸਥਾ ਹੋਵੇ। ਇਹ ਯੋਜਨਾ ਬਣਾਓ ਕਿ ਜੇ ਇੰਟਰਨੈੱਟ ਜਾਂ ਫੋਨ ਲਾਈਨਾਂ ਬੰਦ ਹੋ ਜਾਣ, ਤਾਂ ਤੁਸੀਂ ਇੱਕ-ਦੂਜੇ ਨਾਲ ਕਿਵੇਂ ਸੰਪਰਕ ਕਰੋਗੇ ਅਤੇ ਜਾਣਕਾਰੀ ਸਾਂਝੀ ਕਰੋਗੇ।

ਬਿਜਲੀ ਬੰਦ ਹੋਣ ਦੇ ਸਮੇਂ ਉਪਕਰਣ ਅਤੇ ਸਾਧਨ ਇੱਕ-ਦੂਜੇ ਨਾਲ ਸਾਂਝੇ ਕਰੋ। ਪਤਾ ਕਰੋ ਕਿ ਕੀ ਕਿਸੇ ਗੁਆਂਢੀ ਕੋਲ ਬੈਕਅੱਪ ਜਨਰੇਟਰ (Backup Generator) ਜਾਂ ਪੋਰਟੇਬਲ ਸਟੋਵ ਹੈ, ਜੋ ਲੋੜ ਪੈਣ 'ਤੇ ਹੋਰਨਾਂ ਨਾਲ ਸਾਂਝਾ ਕੀਤਾ ਜਾ ਸਕੇ। ਯਾਦ ਰੱਖੋ, ਹਰ ਕਿਸਮ ਦਾ ਉਪਕਰਣ ਘਰ ਦੇ ਅੰਦਰ ਵਰਤਣਾ ਸੁਰੱਖਿਅਤ ਨਹੀਂ ਹੁੰਦਾ। ਹਮੇਸ਼ਾ ਨਿਰਮਾਤਾ ਦੀਆਂ ਹਦਾਇਤਾਂ ਦੀ ਪਾਲਣਾ ਕਰੋ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P9** | ਤੇਜ਼ ਹਵਾਵਾਂ ਲਈ ਤਿਆਰ ਰਹੋ
- **P11** | ਐਮਰਜੈਂਸੀ ਕਿੱਟਾਂ ਤਿਆਰ ਕਰੋ

ਐਮਰਜੈਂਸੀ ਕਿੱਟਾਂ ਤਿਆਰ ਕਰੋ

ਕਾਰਵਾਈ ਕਿਉਂ ਕਰੀਏ?

ਕਿਸੇ ਵਿਰਲੇ ਐਮਰਜੈਂਸੀ ਹਾਲਾਤ ਵਿੱਚ ਕਾਰੋਬਾਰ ਮੁੜ ਖੁੱਲ੍ਹਣ ਅਤੇ ਬਿਜਲੀ, ਪਾਣੀ ਤੇ ਦੂਰਸੰਚਾਰ ਵਰਗੀਆਂ ਸੇਵਾਵਾਂ ਬਹਾਲ ਹੋਣ ਵਿੱਚ ਕਈ ਦਿਨ ਲੱਗ ਸਕਦੇ ਹਨ। ਆਪਣੇ ਲਈ, ਆਪਣੇ ਪਿਆਰਿਆਂ ਅਤੇ ਗੁਆਂਢੀਆਂ ਲਈ ਐਮਰਜੈਂਸੀ ਸਮਾਨ ਰੱਖਣ ਨਾਲ ਸੇਵਾਵਾਂ ਵਿੱਚ ਆਉਣ ਵਾਲੀ ਰੁਕਾਵਟ ਨਾਲ ਨਜਿੱਠਣ ਵਿੱਚ ਮਦਦ ਮਿਲੇਗੀ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

ਥੋਕ ਖਰੀਦ

ਸਮਾਗਮ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਹਰ ਘਰ ਲਈ, ਪਾਲਤੂ ਜਾਨਵਰਾਂ ਸਮੇਤ, 72 ਘੰਟਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਕਾਫ਼ੀ ਪਾਣੀ, ਜ਼ਰੂਰੀ ਸਮਾਨ ਅਤੇ ਨਾ ਖਰਾਬ ਹੋਣ ਵਾਲਾ ਭੋਜਨ ਇਕੱਠਾ ਕਰੋ। ਇਹ ਸਮਾਨ ਕਿਸੇ ਸਾਂਝੀ ਅਤੇ ਸਭ ਨੂੰ ਪਤਾ ਹੋਣ ਵਾਲੀ ਥਾਂ 'ਤੇ ਰੱਖੋ, ਤਾਂ ਜੋ ਐਮਰਜੈਂਸੀ ਵੇਲੇ ਇਸ ਤੱਕ ਆਸਾਨੀ ਨਾਲ ਪਹੁੰਚ ਕੀਤੀ ਜਾ ਸਕੇ।

ਵੱਖ-ਵੱਖ ਗੁਆਂਢੀਆਂ ਕੋਲ ਮੌਜੂਦ ਉਹਨਾਂ ਵਸਤੂਆਂ ਦੀ ਸੂਚੀ ਬਣਾਓ ਜੋ ਐਮਰਜੈਂਸੀ ਵਿੱਚ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਜਨਰੇਟਰ, ਬੈਟਰੀ ਨਾਲ ਚੱਲਣ ਵਾਲੀਆਂ ਲਾਈਟਾਂ ਅਤੇ ਔਜ਼ਾਰ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P2** | ਮਿਲ ਕੇ ਮੁੱਢਲੀ ਸਹਾਇਤਾ ਸਿੱਖੋ
- **P10** | ਐਮਰਜੈਂਸੀ ਯੋਜਨਾ ਬਣਾਓ
- **P12** | ਸੰਦਾਂ ਦੀ ਸਾਂਝੀ ਲਾਇਬ੍ਰੇਰੀ ਬਣਾਓ

ਸੰਦਾਂ ਦੀ ਸਾਂਝੀ ਲਾਇਬ੍ਰੇਰੀ ਬਣਾਓ

ਕਾਰਵਾਈ ਕਿਉਂ ਕਰੀਏ?

ਸੰਦਾਂ ਵਰਗੇ ਸਰੋਤ ਸਾਂਝੇ ਕਰਨ ਨਾਲ ਪੈਸੇ ਬਚਦੇ ਹਨ ਅਤੇ ਉਨ੍ਹਾਂ ਗੁਆਂਢੀਆਂ ਦੀ ਮਦਦ ਹੁੰਦੀ ਹੈ ਜਿਨ੍ਹਾਂ ਕੋਲ ਆਪਣੇ ਸੰਦ ਨਹੀਂ ਹਨ। ਇਹ ਜਾਣਨਾ ਕਿ ਤੁਹਾਡੇ ਗੁਆਂਢੀਆਂ ਕੋਲ ਕਿਹੜੇ ਸੰਦ ਹਨ, ਐਮਰਜੈਂਸੀ ਵਿੱਚ ਵੀ ਮਦਦਗਾਰ ਹੋ ਸਕਦਾ ਹੈ।

ਪੱਧਰ:

2 ਦਰਮਿਆਨੀ ਮਿਹਨਤ

ਟੈਗ:

ਘੱਟ ਲਾਗਤ

ਥੋਕ ਖਰੀਦ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਐਡਮਿੰਟਨ ਟੂਲ ਲਾਇਬ੍ਰੇਰੀ ਵਿੱਚ ਸ਼ਾਮਲ ਹੋਵੋ ਜਾਂ ਪਤਾ ਕਰੋ ਕਿ ਕੀ ਤੁਹਾਡੇ ਨੇੜੇ ਪਹਿਲਾਂ ਤੋਂ ਕੋਈ ਟੂਲ ਲਾਇਬ੍ਰੇਰੀ ਮੌਜੂਦ ਹੈ।

ਆਪਣੇ ਮੁਹੱਲੇ ਜਾਂ ਇਮਾਰਤ ਵਿੱਚ ਰਹਿਣ ਵਾਲੇ ਗੁਆਂਢੀਆਂ ਨੂੰ ਆਪਣੇ ਸੰਦ (tools) ਉਧਾਰ ਦਿਓ ਅਤੇ ਜਾਣੋ ਕਿ ਉਹ ਕਿਹੜੇ ਸੰਦ ਹੋਰਨਾਂ ਨਾਲ ਸਾਂਝੇ ਕਰਨ ਲਈ ਤਿਆਰ ਹਨ। ਤੁਸੀਂ ਸੰਦਾਂ ਨੂੰ ਮਿਲ ਕੇ ਖਰੀਦ ਵੀ ਸਕਦੇ ਹੋ ਤਾਂ ਜੋ ਹਰ ਕੋਈ ਉਨ੍ਹਾਂ ਦੀ ਵਰਤੋਂ ਕਰ ਸਕੇ। ਉਪਲਬਧ ਸੰਦਾਂ ਦੀ ਇੱਕ ਸੂਚੀ ਰੱਖੋ ਅਤੇ ਦਰਜ ਕਰੋ ਕਿ ਕਿਹੜਾ ਸੰਦ ਕਿਸ ਕੋਲ ਹੈ, ਜਾਂ ਫਿਰ ਸਾਰਿਆਂ ਲਈ ਪਹੁੰਚਯੋਗ ਇੱਕ ਸਾਂਝੀ ਸਟੋਰੇਜ ਥਾਂ ਬਣਾਓ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **N5** | ਬੀਜਾਂ ਦੀ ਅਦਲਾ-ਬਦਲੀ ਜਾਂ ਲਾਇਬ੍ਰੇਰੀ ਸ਼ੁਰੂ ਕਰੋ
- **W6** | ਮੁਰੰਮਤ ਕਲੱਬ ਸ਼ੁਰੂ ਕਰੋ
- **W7** | ਮੁਰੰਮਤ ਵਰਕਸ਼ਾਪ ਸ਼ੁਰੂ ਕਰੋ

ਅੱਗ ਤੋਂ ਬਚਾਅ ਲਈ ਤਿਆਰ ਰਹੋ

ਕਾਰਵਾਈ ਕਿਉਂ ਕਰੀਏ?

ਜਦੋਂ ਸਥਾਨਕ ਕੁਦਰਤੀ ਖੇਤਰਾਂ (ਜਿਵੇਂ ਕਿ ਜੰਗਲ ਅਤੇ ਘਾਹ ਦੇ ਮੈਦਾਨ) ਨੂੰ ਲੋੜੀਂਦਾ ਮੀਂਹ ਨਹੀਂ ਮਿਲਦਾ, ਤਾਂ ਉਹ ਬਹੁਤ ਜਲਦੀ ਸੁੱਕ ਸਕਦੇ ਹਨ, ਜਿਸ ਨਾਲ ਜੰਗਲੀ ਅੱਗ ਦਾ ਖ਼ਤਰਾ ਵਧਦਾ ਹੈ। ਅੱਗ ਦੀਆਂ ਚਿੰਗਾਰੀਆਂ ਅਤੇ ਸੜਦੇ ਹੋਏ ਕਣ ਜੰਗਲੀ ਅੱਗ ਤੋਂ ਦੋ ਕਿਲੋਮੀਟਰ ਤੱਕ ਅੱਗੇ ਹਵਾ ਨਾਲ ਉੱਡ ਸਕਦੇ ਹਨ। ਇਸ ਲਈ ਅੱਗ ਨੂੰ ਰੋਕਣ ਅਤੇ ਇਸ ਦੇ ਫੈਲਾਅ ਨੂੰ ਘਟਾਉਣ ਵਿੱਚ ਹਰ ਮੁਹੱਲੇ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ।

ਪੱਧਰ:

1 ਘੱਟ ਮਿਹਨਤ

ਟੈਗ:

$ ਘੱਟ ਲਾਗਤ

ਮੌਸਮ:

ਤੁਸੀਂ ਕੀ ਕਰ ਸਕਦੇ ਹੋ?

ਆਪਣੇ ਘਰ ਦੇ ਨੇੜੇ ਅੱਗ ਦੇ ਖਤਰੇ ਨੂੰ ਘਟਾਉਣ ਲਈ FireSmart™ ਹਦਾਇਤਾਂ ਦੀ ਸਮੀਖਿਆ ਕਰੋ ਅਤੇ ਉਨ੍ਹਾਂ ਦੀ ਪਾਲਣਾ ਕਰੋ। ਹਰ ਬਸੰਤ ਰੁੱਤ ਵਿੱਚ ਆਪਣੇ ਗੁਆਂਢੀਆਂ ਨਾਲ ਮਿਲੋ, ਇੱਕ ਯੋਜਨਾ ਬਣਾਓ ਅਤੇ ਅੱਗ ਤੋਂ ਬਚਾਅ ਲਈ ਕੀਤੇ ਜਾਣ ਵਾਲੇ ਕਦਮਾਂ ਦੀ ਸਮੀਖਿਆ ਕਰੋ।

ਮੁਹੱਲੇ ਵਿੱਚ ਪੈਦਲ ਚੱਕਰ ਲਗਾਓ ਅਤੇ ਉਹਨਾਂ ਚੀਜ਼ਾਂ ਦੀ ਪਛਾਣ ਕਰੋ ਜੋ ਅੱਗ ਦੇ ਫੈਲਣ ਦਾ ਕਾਰਨ ਬਣ ਸਕਦੀਆਂ ਹਨ। ਸੰਪਰਕ ਸੂਚੀਆਂ ਨੂੰ ਅਪਡੇਟ ਕਰੋ ਅਤੇ ਐਮਰਜੈਂਸੀ ਵੇਲੇ ਤੁਰੰਤ ਨਾਲ ਲਿਜਾਣ ਵਾਲੀਆਂ ਕਿੱਟਾਂ (Grab-and-Go Emergency Kits) ਨੂੰ ਦੁਬਾਰਾ ਭਰੋ।

ਸਫਾਈ ਮੁਹਿੰਮਾਂ ਜਾਂ ਪਾਰਟੀਆਂ ਦਾ ਆਯੋਜਨ ਕਰੋ ਅਤੇ ਆਂਗਣਾਂ ਤੇ ਨਾਲੀਆਂ (gutters) ਵਿੱਚੋਂ ਸੁੱਕੇ ਪੱਤੇ, ਟਾਹਣੀਆਂ ਅਤੇ ਕੂੜਾ-ਕਰਕਟ ਹਟਾਓ। ਜਲਣਸ਼ੀਲ ਸਮਾਨ ਜਿਵੇਂ ਕਿ ਪ੍ਰੋਪੇਨ ਟੈਂਕ ਅਤੇ ਲੱਕੜਾਂ ਨੂੰ ਘਰਾਂ ਤੋਂ ਦੂਰ ਸੁਰੱਖਿਅਤ ਥਾਂ 'ਤੇ ਰੱਖੋ।

ਅੱਗੇ! ਇਹ ਕਦਮ ਇਨ੍ਹਾਂ ਕਾਰਵਾਈਆਂ ਨਾਲ ਵਧੀਆ ਕੰਮ ਕਰਦਾ ਹੈ...

- **P1** | ਸਥਾਨਕ ਖਤਰਿਆਂ ਦੀ ਪਛਾਣ ਕਰੋ
- **P3** | ਐਮਰਜੈਂਸੀ ਯੋਜਨਾ ਬਣਾਓ
- **P4** | ਖਰਾਬ ਹਵਾ ਦੀ ਗੁਣਵੱਤਾ ਲਈ ਤਿਆਰ ਰਹੋ
- **N1** | ਕੁਦਰਤੀ ਥਾਵਾਂ ਦਾ ਨਕਸ਼ਾ ਬਣਾਓ